# ਝਲਕੀਆਂ : ਸਚਖੰਡ ਪਿਆਨਾ ਦਿਵਸ




ਰਾਗੀ ਭਾਈ ਸਤਵਿੰਦਰ ਸਿੰਘ ਅਤੇ ਸਾਥੀ ਅਕਾਲੀ ਬਾਣੀ ਦੇ
ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਦੇ ਹੋਏ।




ਗੁਰੂ ਗ੍ਰੰਥ ਸਾਹਿਬ ਦੇ ਸਹਿਜ ਪਾਠ ਦੇ ਭੋਗ ਉਪਰੰਤ ਇਲਾਹੀ ਕੀਰਤਨ ਦੀ
ਸੇਵਾ ਨਿਬਾਹੁੰਦੇ ਹੋਏ ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ ਦੇ ਵਿਦਿਆਰਥੀ।




ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਮੀਤ ਸਿੰਘ ਸ਼ਾਂਤ ਦਾ ਜਥਾ
ਗੁਰਮਤਿ ਸੰਗੀਤ ਪਰੰਪਰਾ ਦੇ ਅਨੁਰੂਪ ਕੀਰਤਨ ਦੀ ਸੇਵਾ ਨਿਬਾਹੁੰਦਾ ਹੋਇਆ।



ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸਦਨ ਦੇ ਕਾਨਫਰੰਸ ਹਾਲ ਵਿਚ
ਗੁਰੂ ਕਾ ਅਤੁੱਟ ਲੰਗਰ ਛਕਦੀਆਂ ਸੰਗਤਾਂ।








(ਸੱਜੇ) ਭਾਈ ਵੀਰ ਸਿੰਘ ਰਚਿਤ ਸਾਹਿਤ ਦੇ ਪ੍ਰਚਾਰ-ਪ੍ਰਸਾਰ ’ਚ ਉਘਾ ਯੋਗਦਾਨ ਪਾਉਣ ਵਾਲੇ ਸ. ਜੀਤ ਸਿੰਘ ਅਤੇ ਸ. ਜਸਬੀਰ ਸਿੰਘ ਦਾ
ਸਨਮਾਨ ਕਰਦੇ ਹੋਏ ਸ. ਦਲੀਪ ਸਿੰਘ। (ਵਿਚਕਾਰ) ਸਰਦਾਰਨੀ ਤਜਿੰਦਰ ਕੌਰ ਧੀਰ ਭਾਈ ਸਾਹਿਬ ਦਾ ਸੰਦੇਸ਼ ਪੜ੍ਹਦੇ ਹੋਏ।
(ਸੱਜੇ) ਸਰਦਾਰਨੀ ਤਰਨਜੀਤ ਕੌਰ ਅਤੇ ਤਮਨਪ੍ਰੀਤ ਕੌਰ ਦਾ ਸਨਮਾਨ ਕਰਦੇ ਹੋਏ ਕਰਨਲ ਜੇ.ਪੀ.ਐਸ. ਸਾਹੀ।

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

# ਭਾਈ ਵੀਰ ਸਿੰਘ ਦਾ 62ਵਾਂ ਸਚਖੰਡ ਪਿਆਨਾ ਦਿਵਸ ਮਨਾਇਆ ਗਿਆ

ਨਵੀਂ ਦਿੱਲੀ, 10 ਜੂਨ 2019: ਭਾਈ ਵੀਰ ਸਿੰਘ ਸਾਹਿਤ ਸਦਨ ਅਤੇ ਭਾਈ ਵੀਰ ਸਿੰਘ ਸਟੱਡੀ ਸਰਕਲ ਵਲੋਂ ਸੰਤ-ਕਵੀ ਭਾਈ ਸਾਹਿਬ ਭਾਈ ਵੀਰ ਸਿੰਘ ਦਾ 62ਵਾਂ ਸਚਖੰਡ ਪਿਆਨਾ ਦਿਵਸ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਭਾਈ ਵੀਰ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਾਬਕਾ ਵਾਈਸ-ਚਾਂਸਲਰ ਅਤੇ ਐਨਸੀਐਮਈਆਈ ਦੇ ਮੈਂਬਰ ਡਾ.ਜਸਪਾਲ ਸਿੰਘ ਨੇ ਅਮੀਰ ਬੌਧਕ ਪਰਪੰਰਾ ਦੀ ਵਕਾਲਤ ਕਰਦਿਆਂ ਕਿਹਾ ਕਿ ਅਮੀਰ ਵਿਰਾਸਤ ਨੂੰ ਅਮੀਰ ਬੌਧਕ ਪਰੰਪਰਾ ਰਾਹੀਂ ਹੀ ਸੰਭਾਲਿਆ ਤੇ ਪ੍ਰਚਾਰਿਆ ਜਾ ਸਕਦਾ ਹੈ। ਭਾਈ ਵੀਰ ਸਿੰਘ ਇਸੇ ਬੌਧਕ ਪਰੰਪਰਾ ਦੀ ਕੜੀ 'ਚ ਆਉਂਦੀ ਇਕ ਅਜਿਹੀ ਸ਼ਖ਼ਸੀਅਤ ਸਨ ਜਿਨ੍ਹਾਂ ਅਮੀਰ ਸਿੱਖ ਵਿਰਾਸਤ ਨੂੰ ਸਮੇਂ ਦੇ ਬਰਮੇਚ ਹੁੰਦਿਆਂ ਬਹੁਵਿਧ ਰੂਪਾਂ 'ਚ ਪ੍ਰਗਟਾਇਆ ਤੇ ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਕਹਿਲਾਏ। ਪ੍ਰੋਗਰਾਮ ਦਾ ਆਰੰਭ ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ ਦੇ ਵਿਦਿਆਰਥੀਆਂ ਵਲੋਂ ਸਹਿਜ ਪਾਠ ਦੇ ਭੋਗ ਤੇ ਕੀਰਤਨ ਰਾਹੀਂ ਹੋਇਆ। ਉਪਰੰਤ ਸਰਦਾਰਨੀ ਤਰਨਜੀਤ ਕੌਰ ਨੇ ਭਾਈ ਸਾਹਿਬ ਦੀ ਕਵਿਤਾ 'ਅਰਸ਼ੀ ਸਦ ਤੇ ਸੰਗਤ' ਦਾ ਗਾਇਨ ਕੀਤਾ। ਸਰਦਾਰਨੀ ਤਜਿੰਦਰ ਕੌਰ ਧੀਰ ਨੇ ਭਾਈ ਸਾਹਿਬ ਦਾ ਸੰਦੇਸ਼ 'ਅਸ਼ਾਂਤੀ ਦੀ ਲਹਿਰ ਪਛਾੜ' ਪੜ੍ਹ ਕੇ ਸੁਣਾਇਆ। ਭਾਈ ਸਤਵਿੰਦਰ ਸਿੰਘ, ਦਿੱਲੀ ਦੇ ਜਥੇ ਦੇ ਮਨੋਹਰ ਕੀਰਤਨ ਤੋਂ ਬਾਅਦ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਗੁਰਮੀਤ ਸਿੰਘ ਸ਼ਾਂਤ ਦੇ ਜਥੇ ਨੇ ਰਾਗ-ਅਧਾਰਿਤ ਕੀਰਤਨ ਦੀ ਛਹਿਬਰ ਲਾਈ। ਸਾਬਕਾ ਪ੍ਰਧਾਨ ਮੰਤਰੀ ਅਤੇ ਸਦਨ ਦੇ ਪ੍ਰਧਾਨ ਡਾ.ਮਨਮੋਹਨ ਸਿੰਘ ਦੀ ਸੁਪਤਨੀ ਸਰਦਾਰਨੀ ਗੁਰਸ਼ਰਨ ਕੌਰ ਨੇ ਖਾਲਸਾ ਸਮਾਚਾਰ ਦੇ ਵਿਸ਼ੇਸ਼ ਅੰਕ ਨੂੰ ਲੋਕ-ਅਰਪਣ ਕੀਤਾ ਅਤੇ ਇਸਦੀ ਇਕ-ਇਕ ਕਾਪੀ ਭਾਈ ਵੀਰ ਸਿੰਘ ਦੇ ਪਰਿਵਾਰਕ ਮੈਂਬਰਾਂ ਨੂੰ ਭੇਟ ਕੀਤੀ। ਉਪਰੰਤ ਡਾ.ਜਸਪਾਲ ਸਿੰਘ ਨੇ ਸਦਨ ਦੀਆਂ ਪ੍ਰਕਾਸ਼ਨਾਵਾਂ ਨੂੰ ਰਿਲੀਜ਼ ਕੀਤਾ। ਅਖ਼ੀਰ'ਚ ਅਰਦਾਸ ਅਤੇ ਹੁਕਮਨਾਮੇ ਤੋਂ ਬਾਅਦ ਗੁਰੂ ਕਾ ਲੰਗਰ ਅਤੁੱਟ ਵਰਤਿਆ। ਮੰਚ ਸੰਚਾਲਨ ਦੀ ਭੂਮਿਕਾ ਨੂੰ ਸ.ਕੁਲਮੋਹਨ ਸਿੰਘ ਨੇ ਬਾਖ਼ੂਬੀ ਨਿਭਾਇਆ।




ਡਾ. ਜਸਪਾਲ ਸਿੰਘ ਸਦਨ ਦੀਆਂ ਪ੍ਰਕਾਸ਼ਨਾਵਾਂ ਰਿਲੀਜ਼ ਕਰਦੇ ਹੋਏ। ਨਾਲ ਡਾ. ਰਘਬੀਰ ਸਿੰਘ, ਸ਼੍ਰੀਮਤੀ ਕੰਵਲ ਉੱਪਲ, ਸਰਦਾਰਨੀ ਗੁਰਸ਼ਰਨ ਕੌਰ, ਡਾ. ਪੁਨੀਤਾ ਸਿੰਘ ਅਤੇ (ਖੱਬੇ) ਸ. ਹਰਚਰਨ ਸਿੰਘ ਨਾਗ।